# 2

## ਸਵਾਲ:

# ''ਜੇ ਖ਼ੁਦਾ ਹੈ ਤਾਂ ਉਹ ਲੋਕਾਂ ਨੂੰ ਐਨੀ ਤਕਲੀਫ਼ ਵਿਚ ਕਿਉਂ ਪੈਣ ਦਿੰਦਾ ਹੈ?''

## ਜਵਾਬ:

ਪੇਰੂ ਵਿਚ ਧਰਤੀ ਕੰਬੀ ਅਤੇ ਹਜ਼ਾਰਾਂ ਲੋਕ ਜ਼ਮੀਨ ਵਿਚ ਦਫ਼ਨ ਹੋ ਗਏ। ਮੈਕਸਿਕੋ ਵਿਚ ਭੂਚਾਲ ਨਾਲ ਹਜ਼ਾਰਾਂ ਲੋਕ ਮਾਰੇ ਗਏ। ਪੂਰਬੀ ਪਾਕਿਸਤਾਨ ਵਿਚ ਆਏ ਤੁਫ਼ਾਨ ਨਾਲ ਪਿੰਡਾਂ ਦੇ ਪਿੰਡ ਰੁੜ੍ਹ ਗਏ ਜਿਸ ਨਾਲ ਲੱਖਾਂ ਲੋਕ ਮਾਰੇ ਗਏ। ਵਿਅਤਨਾਮ ਦੀ ਜੰਗ ਵਿਚ ਬੇਕਸੂਰ ਔਰਤਾਂ ਅਤੇ ਬੱਚੇ ਮਾਰੇ ਗਏ। ਆਸਟ੍ਰੇਲੀਆ ਵਿਚ ਅੱਠ ਸਾਲਾਂ ਦੀ ਕੁੜੀ ਵਿੱਕੀ ਗਾਇਬ ਹੋ ਗਈ ਅਤੇ ਇਕ ਸਾਲ ਬਾਅਦ ਉਸ ਦੀ ਲਾਸ਼ ਗਲੀ ਸੜੀ ਮਿਲੀ। ਕਿਸੇ ਨੇ ਗੋਲੀ ਮਾਰ ਕੇ ਉਸ ਨੂੰ ਕਤਲ ਕਰ ਦਿੱਤਾ ਸੀ, ਉਹ ਕਿਸੇ ਦੀ ਅਣਮਨੁੱਖੀ ਵਾਸਨਾ ਦਾ ਸ਼ਿਕਾਰ ਹੋ ਗਈ ਸੀ।

ਜੇ ਖ਼ੁਦਾ ਹੈ, ਤਾਂ ਦੁਨੀਆਂ ਵਿਚ ਐਨਾ ਦੁੱਖ ਕਿਉਂ ਆਉਣ ਦਿੰਦਾ ਹੈ? ਸੁਹਿਰਦ ਲੋਕ ਕਿਸੇ ਬੱਚੇ ਦੀ ਤਕਲੀਫ਼ ਅਤੇ ਜੰਗ ਦੇ ਖ਼ੌਫ਼ ਨੂੰ ਵੇਖ ਕੇ ਨਿਚੋੜ ਕੱਢਦੇ ਹਨ ਕਿ ''ਖ਼ੁਦਾ ਹੋਵੇਗਾ ਹੀ ਨਹੀਂ। ਜੇ ਹੁੰਦਾ ਤਾਂ ਉਹ ਐਨਾ ਦੁੱਖ ਕਿਉਂ ਆਉਣ ਦਿੰਦਾ।''

ਬਾਈਬਲ ਇਸੇ ਸਵਾਲ ਦੀ ਗੱਲ ਕਰਦੀ ਹੈ। ਅੱਯੂਬ ਦੀ ਕਿਤਾਬ ਇਹ ਸਵਾਲ ਪੁੱਛਦੀ ਹੈ, ''ਧਰਮੀ ਤੇ ਦੁੱਖ ਕਿਉਂ ਆਉਂਦਾ ਹੈ?'' ਜ਼ਬੂਰ 73 ਵਿਚ ਜ਼ਬੂਰ ਲਿਖਣ ਵਾਲੇ ਨੇ ਦੁਸ਼ਟਾਂ ਨੂੰ ਵੱਧਦੇ ਫੁੱਲਦੇ ਵੇਖਿਆ ਅਤੇ ਨਿਚੋੜ ਕੱਢਿਆ ਕਿ ਧਰਮੀ ਬਣੇ ਰਹਿਣ ਦੀ ਕੋਸ਼ਿਸ਼ ਬੇਕਾਰ ਹੈ (ਆਇਤਾਂ 3, 12, 13)। ਹਬੱਕੂਕ ਨੇ ਖ਼ੁਦਾ ਤੋਂ ਪੁੱਛਿਆ ਕਿ ''ਤੂੰ ਕਿਉਂ ਚੁੱਪ ਰਹਿੰਦਾ ਹੈ ਜਦ ਦੁਸ਼ਟ ਉਹਨੂੰ ਨਿਗਲ ਲੈਂਦਾ ਹੈ, ਜੋ ਉਸ ਤੋਂ ਧਰਮੀ ਹੈ'' (ਹਬੱਕੂਕ 1:13)। ਜਾਂ, ਜਿਵੇਂ ਕਿਸੇ ਨੇ ਕਿਹਾ ਹੈ, ''ਦੁੱਖ ਐਨਾ ਵਧ ਜਾਣ ਤੇ ਵੀ ਖ਼ੁਦਾ ਖਾਮੋਸ਼ ਕਿਉਂ ਹੈ?''

ਨਵੇਂ ਨੇਮ ਵਿਚ ਜਮਾਂਦਰੂ ਅੰਨ੍ਹੇ ਬਾਰੇ ਯਿਸੂ ਤੋਂ ਪੁੱਛਿਆ ਗਿਆ ਸੀ, ''ਹੇ ਰੱਬੀ, ਕਿਹਨੇ ਪਾਪ ਕੀਤਾ, ਇਸ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾ ਜੰਮਿਆ ਹੈ?'' (ਯੂਹੰਨਾ 9:2)। ਕਿਸਮਤ ਦੀ ਗੱਲ ਹੋਣ ਤੇ ਅਸੀਂ ਅਕਸਰ ਪੁੱਛਦੇ ਹਾਂ ਕਿ ''ਪਾਪ ਕਿਸ ਦਾ ਹੈ।''

ਇਸ ਦਾ ਜਵਾਬ ਕੀ ਹੈ? ਕੋਈ ਅੰਨ੍ਹਾ ਕਿਉਂ ਜੰਮਦਾ ਹੈ? ਖ਼ੁਦਾ ਧਰਮੀਆਂ ਨਾਲੋਂ ਦੁਸ਼ਟਾਂ ਨੂੰ ਐਨਾ ਉੱਚਾ ਕਿਉਂ ਕਰਦਾ ਹੈ। ਦੁਸ਼ਟ ਲੋਕ ਵੱਧਦੇ ਫੁੱਲਦੇ ਕਿਉਂ ਹਨ। ਧਰਮੀ ਕੌਮ ਤੇ ਦੁੱਖ ਕਿਉਂ ਆਉਂਦਾ ਹੈ।

ਸਾਨੂੰ ਇਨ੍ਹਾਂ ਸਭ ਸਵਾਲਾਂ ਦਾ ਜਵਾਬ ਪਤਾ ਨਹੀਂ ਹੈ, ਪਰ ਕੁਝ ਜਵਾਬ ਹਨ ਜਿਨ੍ਹਾਂ ਨਾਲ ਸਾਡਾ ਯਕੀਨ ਪੱਕਾ ਹੁੰਦਾ ਹੈ।

### ਬੇਕਸੂਰ ਲੋਕਾਂ ਉੱਤੇ ਦੁੱਖ ਕਿਉਂ ਆਉਂਦਾ ਹੈ?

ਅਸਲ ਦਿੱਕਤ ਇਸੇ ਗੱਲ ਨੂੰ ਸਮਝਣਾ ਹੈ ਕਿ ਬੇਕਸੂਰ ਲੋਕਾਂ ਉੱਤੇ ਹੀ ਪਰੇਸ਼ਾਨੀ ਕਿਉਂ

ਆਉਂਦੀ ਹੈ। ਕਿਸੇ ਦੁਸ਼ਟ ਆਦਮੀ ਉੱਤੇ ਦੁੱਖ ਆਉਣ ਤੇ ਸ਼ਿਕਵਾ ਨਹੀਂ ਹੁੰਦਾ। ਮੈਂ ਕਦੇ ਕਿਸੇ ਨੂੰ ਇਹ ਕਹਿੰਦਿਆਂ ਨਹੀਂ ਸੁਣਿਆ, ''ਜੇ ਖ਼ੁਦਾ ਹੈ ਤਾਂ ਉਸ ਨੇ ਹਿਟਲਰ ਉੱਤੇ ਦੁੱਖ ਕਿਉਂ ਆਉਣ ਦਿੱਤਾ?''

ਬੇਕਸੂਰਾਂ ਉੱਤੇ ਦੁੱਖ ਆਉਣ ਦੀ ਦਿੱਕਤ ਵੱਖਰੀ ਹੀ ਹੈ। ਨਿਆਂ ਦੀ ਗੱਲ ਨੂੰ ਧਿਆਨ ਵਿਚ ਰੱਖ ਕੇ ਬੇਕਸੂਰ ਲੋਕਾਂ ਨੂੰ ਸਜ਼ਾ ਮਿਲਣ ਦੀ ਗੱਲ ਸਾਨੂੰ ਅਨਿਆਂ ਲਗਦੀ ਹੈ। ਧਰਮੀਆਂ ਉੱਤੇ ਦੁੱਖ ਕਿਉਂ ਆਉਂਦਾ ਹੈ? ਇਸ ਦੇ ਕਈ ਕਾਰਣ ਹਨ।

ਪਹਿਲਾ, ਕੀ ਪਤਾ ਬੇਕਸੂਰ ਲੋਕਾਂ ਉੱਤੇ ਦੁੱਖ ਇਸ ਲਈ ਆਇਆ ਹੋਵੇ ਕਿ ਦੁੱਖ ਨਾਲ ਉਨ੍ਹਾਂ ਨੂੰ ਕੋਈ ਫ਼ਾਇਦਾ ਮਿਲਣ ਵਾਲਾ ਹੋਵੇ। ਜ਼ਬੂਰ ਲਿਖਣ ਵਾਲੇ ਨੇ ਲਿਖਿਆ ਹੈ, ''ਮੇਰੇ ਲਈ ਭਲਾ ਹੈ ਕਿ ਮੈਂ ਦੁਖੀ ਹੋਇਆ ਤਾਂ ਜੋ ਮੈਂ ਤੇਰੀਆਂ ਵਿਧੀਆਂ ਨੂੰ ਸਿੱਖਾਂ'' (ਜ਼ਬੂਰ 119:71; ਤੁਲਨਾ ਕਰੋ ਇਬਰਾਨੀਆਂ 12:11)। ਕਈ ਵਾਰ ਸਿਹਤ ਨਾਲੋਂ ਬੀਮਾਰੀ ਵੀ ਫ਼ਾਇਦੇਮੰਦ ਹੋ ਸਕਦੀ ਹੈ ਕਿਉਂਕਿ ਤਕਲੀਫ਼ ਅਨੰਦ ਨਾਲੋਂ ਚੰਗੀ ਹੋ ਸਕਦੀ ਹੈ। ਦੁੱਖ ਅੰਨਦ ਨਾਲੋਂ ਵੀ ਚੰਗਾ ਹੋ ਸਕਦਾ ਹੈ। ਦੁੱਖ ਨਾਲ ਚਰਿੱਤਰ ਬਣ ਸਕਦਾ ਹੈ, ਹਮਦਰਦੀ ਵਧ ਸਕਦੀ ਹੈ, ਭੌਤਿਕਵਾਦੀ ਸੋਚ ਘਟ ਸਕਦੀ ਹੈ, ਜਿਸ ਨਾਲ ਸਾਡਾ ਧਿਆਨ ਖ਼ੁਦਾ ਵੱਲ ਹੋ ਜਾਵੇ। ਅਪਾਹਿਜ ਹੋਣ ਦੇ ਬਾਵਜੂਦ ਅਸੀਂ ਅਪਾਹਿਜ ਲੋਕਾਂ ਦੀਆਂ ਵੱਡੀਆਂ ਵੱਡੀਆਂ ਪ੍ਰਾਪਤੀਆਂ ਬਾਰੇ ਜਾਣਦੇ ਹਾਂ। ਸ਼ਾਇਦ ਸਾਨੂੰ ਉਨ੍ਹਾਂ ਦੇ ਅਪਾਹਿਜ ਹੋਣ ਕਰਕੇ ਕੀਤੀਆਂ ਜਾਣ ਵਾਲੀਆਂ ਪ੍ਰਾਪਤੀਆਂ ਤੇ ਵਿਚਾਰ ਕਰਨ ਦੀ ਲੋੜ ਹੈ। ਲੇਖਕ ਅਤੇ ਲੈਕਚਰਰ ਹੈਲਨ ਕੈਲਰ ਸ਼ਾਇਦ ਛੋਟੀ ਉਮਰੇ ਹੀ ਅੰਨ੍ਹੀ, ਗੁੰਗੀ, ਬੋਲੀ ਹੋਣ ਦੇ ਬਾਵਜੂਦ ਨਹੀਂ ਸਗੋਂ ਇਨ੍ਹਾਂ ਬੰਦਸ਼ਾਂ ਦੇ ਕਾਰਣ ਹੀ ਇਸ ਸਦੀ ਦੀ ਸਭ ਤੋਂ ਪ੍ਰੇਰਣਾਦਾਇਕ ਸ਼ਖ਼ਸੀਅਤ ਬਣ ਸਕੀ ਹੋਵੇਗੀ। ਦੁੱਖ ਨੂੰ ਚੰਗੇ ਚਰਿੱਤਰ ਦੀ ਦਹਿਲੀਜ਼ ਦੇ ਤੌਰ ਤੇ ਮੰਨਣਾ ਚਾਹੀਦਾ ਹੈ।

ਦੂਜਾ, ਦੁੱਖ ਪਾਪ ਦੇ ਕਾਰਣ ਵੀ ਹੋ ਸਕਦਾ ਹੈ। ਸੰਸਾਰ ਵਿਚ ਦੁੱਖ ਪਾਪ ਦੇ ਕਾਰਣ ਹੀ ਆਇਆ ਅਤੇ ਪਾਪ ਦੇ ਕਾਰਣ ਹੀ ਮਨੁੱਖ ਜਾਤੀ ਲਈ ਅਜੇ ਵੀ ਮਹਾਂਮਾਰੀ ਬਣਿਆ ਹੋਇਆ ਹੈ। ਅੱਯੂਬ 4:8 ਵਿਚ ਅਲੀਫ਼ਜ਼ ਨੇ ਇਕ ਮੰਨਣਯੋਗ ਹਕੀਕਤ ਹੀ ਕਹੀ ਸੀ, ''ਮੇਰੇ ਵੇਖਣ ਵਿਚ ਤਾਂ ਬਦੀ ਦੇ ਵਾਹੁਣ ਵਾਲੇ ਤੇ ਕਸ਼ਟ ਦੇ ਬੀਜਣ ਵਾਲੇ ਉਹੋ ਕੁਝ ਵੱਢਦੇ ਹਨ।'' ਨਵਾਂ ਨੇਮ ਉਸ ਦੀ ਗੱਲ ਨਾਲ ਸਹਿਮਤ ਹੈ, ''ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ'' (ਗਲਾਤੀਆਂ 6:7)। ਦੁਸ਼ਟ ਲੋਕਾਂ ਉੱਤੇ ਦੁੱਖ ਆਪਣੇ ਪਾਪ ਦੇ ਕਾਰਣ ਹੀ ਆਉਂਦਾ ਹੈ, ਇੱਥੇ ਨਹੀਂ ਤਾਂ ਉੱਥੇ, ਪਰ ਆਵੇਗਾ ਜ਼ਰੂਰ (ਰੋਮੀਆਂ 6:23)।

ਪਾਪ ਦਾ ਦੁਖਾਂਤ ਇਹ ਹੈ ਕਿ ਆਟੇ ਨਾਲ ਘੁਣ ਦੇ ਪਿਸਣ ਵਾਂਗ ਕਸੂਰਵਾਰ ਦੇ ਨਾਲ ਨਾਲ ਬੇਕਸੂਰ ਵੀ ਪਿਸ ਜਾਂਦਾ ਹੈ! ਵਿਵਸਥਾਸਾਰ 5:9 ਵਿਚ ਖ਼ੁਦਾ ਨੇ ਇਕ ਤੋਂ ਦੂਜੇ ਬੰਦੇ ਤਕ ਪਾਪ ਦੇ ਨਤੀਜੇ ਬਾਰੇ ਕਿਹਾ ਸੀ ਕਿ ਪਿਓ ਦਾਦਿਆਂ ਦੀ ਬੁਰਿਆਈ ਤੀਜੀ ਤੋਂ ਚੌਥੀ ਪੀੜ੍ਹੀ ਉਨ੍ਹਾਂ ਦੀ ਔਲਾਦ ਉੱਤੇ ਪਵੇਗੀ। ਇਨ੍ਹਾਂ ਉਦਾਹਰਣਾ ਤੇ ਵਿਚਾਰ ਕਰੋ: ਪਹਿਲੀ, ਇਕ ਸ਼ਰਾਬੀ ਹੈ, ਅਤੇ ਉਹ ਬੱਚਿਆਂ ਦੀ ਪਰਵਰਿਸ਼ ਨਸ਼ਾਖ਼ੋਰੀ ਅਤੇ ਬਦਕਾਰੀ ਦੇ ਮਾਹੌਲ ਵਿਚ ਕਰਦਾ ਹੈ। ਉਸ ਦੇ ਪਾਪ ਕਰਕੇ ਕਿੰਨੀਆਂ ਪੀੜ੍ਹੀਆਂ ਉੱਤੇ ਦੁੱਖ ਆਵੇਗਾ? ਬੀਮਾਰੀ, ਗ਼ਰੀਬੀ, ਬੇਵਕਤ ਮੌਤ ਅਤੇ ਦਿਮਾਗ਼ੀ ਤਕਲੀਫ਼ ਉਸ ਦੇ ਬੱਚਿਆਂ ਅਤੇ ਪੋਤਿਆਂ ਉੱਤੇ ਆ ਸਕਦੀ ਹੈ। ਦੂਜੀ ਅਬਿਲੇਨ, ਟੈਕਸਸ ਵਿਚ ਇਕ ਨੌਜਵਾਨ ਨੇ ਤਿੰਨ ਕਤਲ ਕਰ ਦਿੱਤੇ, ਜਿਨ੍ਹਾਂ ਵਿਚ ਇਕ ਔਰਤ ਵੀ ਸੀ ਜਿਹੜੀ ਫ਼ਰਾਂਸ ਵਿਚ ਮਿਸ਼ਨਰੀ ਦੇ ਰੂਪ ਵਿਚ ਕੰਮ ਕਰਦੀ ਸੀ। ਇਹ ਮੁੰਡਾ ਜੋ ਸ਼ਰਾਬੀ ਹਾਲਤ ਵਿਚ ਸੀ, ਬੜੀ ਤੇਜ਼ ਕਾਰ ਚਲਾ ਰਿਹਾ ਸੀ, ਅਤੇ ਉਹਦੇ ਕੋਲ ਡ੍ਰਾਇਵਿੰਗ ਲਾਈਸੈਂਸ ਵੀ ਨਹੀਂ ਸੀ। ਇਨ੍ਹਾਂ ਬੇਕਸੂਰ ਲੋਕਾਂ ਉੱਤੇ ਦੁੱਖ ਕਿਉਂ ਆਇਆ? ਉਸ ਮੁੰਡੇ ਦੇ ਪਾਪ ਕਰਕੇ! ਤੀਜੀ, ਜੰਗ ਵਿਚ ਕਸੂਰਵਾਰਾਂ ਦੇ ਨਾਲ ਨਾਲ ਬੇਕਸੂਰ ਵੀ ਦੁੱਖ ਪਾਉਂਦੇ ਹਨ।

ਪਾਪ ਦੇ ਕਾਰਣ ਦੁੱਖ ਆਉਂਦਾ ਹੈ ਜਿਸ ਵਿਚ ਬੇਕਸੂਰ ਅਤੇ ਕਸੂਰਵਾਰ ਦੋਹਾਂ ਨੂੰ ਪਰੇਸ਼ਾਨੀ ਝੱਲਣੀ ਪੈਂਦੀ ਹੈ।

ਤੀਜਾ, ਬੇਕਸੂਰ ਲੋਕਾਂ ਉੱਤੇ ਮਨੁੱਖ ਦੀ ਕਮਜ਼ੋਰੀ ਅਤੇ ਨਾਸ਼ਵਾਨ ਹੋਣ ਕਰਕੇ ਦੁੱਖ ਆ ਸਕਦਾ ਹੈ। ਪਾਪ ਨਾਲ ਦੁੱਖ ਹੀ ਮਿਲਦਾ ਹੈ, ਪਰ ਅਜਿਹਾ ਨਹੀਂ ਹੈ ਕਿ ਹਰ ਦੁੱਖ ਦਾ ਕਾਰਣ ਪਾਪ ਹੀ ਹੋਵੇ। ਯਿਸੂ ਨੇ ਇਸ ਅੰਨ੍ਹੇ ਆਦਮੀ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਸਮਝਾਇਆ, ''ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ ਉਸ ਵਿਚ ਪਰਗਟ ਕੀਤੇ ਜਾਣ'' (ਯੂਹੰਨਾ 9:3)। ਯਹੂਦੀਆਂ ਵਿਚ ਇਹ ਧਾਰਣਾ ਪਾਈ ਜਾਂਦੀ ਸੀ ਕਿ ਹਰ ਤਰ੍ਹਾਂ ਦਾ ਦੁੱਖ ਪਾਪ ਦੇ ਕਾਰਣ ਹੀ ਆਉਂਦਾ ਹੈ। ਜਦ ਕਿ ਯਿਸੂ ਨੇ ਕਿਹਾ ਕਿ ਇਹ ਸਭ ਗਲਤ ਹੈ। ਕੁਝ ਦੁੱਖ ਇਨਸਾਨ ਦੇ ਗਲਤ ਫ਼ੈਸਲੇ ਲੈਣ ਨਾਲ ਵੀ ਆਉਂਦੇ ਹਨ। ਉਹ ਗਲਤ ਨਿਚੋੜ ਕੱਢਦਾ ਹੈ ਕਿ ਉਹ ਕਾਫ਼ੀ ਦੂਰ ਤਕ ਤੈਰ ਕੇ ਜਾ ਸਕਦਾ ਹੈ, ਜਿਸ ਕਰਕੇ ਉਹ ਡੁੱਬ ਜਾਂਦਾ ਹੈ। ਇਸ ਵਿਚ ਉਸ ਦਾ ਕੋਈ ਪਾਪ ਨਹੀਂ ਹੈ, ਬਸ ਮਨੁੱਖੀ ਭੁੱਲ ਹੈ ਜਿਸ ਕਰਕੇ ਉਸ ਉੱਤੇ ਦੁੱਖ ਆਉਂਦਾ ਹੈ। ਆਸਟ੍ਰੇਲੀਆ ਵਿਚ ਰੇਲ ਗੱਡੀ ਦੇ ਪਟਰੀ ਤੋਂ ਉੱਤਰਣ ਨਾਲ ਨੌਂ ਬੰਦੇ ਮਾਰੇ ਗਏ ਸਨ। ਦੁਰਘਟਨਾ ਦਾ ਕਾਰਣ ''ਮਨੁੱਖੀ ਭੁੱਲ'' ਦੱਸਿਆ ਗਿਆ। ਮਨੁੱਖੀ ਭੁੱਲ ਨਾਲ ਦੁਰਘਟਨਾ ਹੁੰਦੀ ਹੈ ਅਤੇ ਬੇਦੋਸ਼ੇ ਲੋਕਾਂ ਨੂੰ ਉਸ ਭੁੱਲ ਕਰਕੇ ਦੁੱਖ ਝੱਲਣਾ ਪੈਂਦਾ ਹੈ।

ਜਦ ਤਕ ਖਾਮੀਆਂ ਵਾਲੇ ਲੋਕ ਜਾਂ ਉਨ੍ਹਾਂ ਲੋਕਾਂ ਨਾਲ ਅਸੀਂ ਰਹਿੰਦੇ ਹਾਂ ਜਿਨ੍ਹਾਂ ਦੀ ਕਦੇ ਵੀ ਦੁਰਘਟਨਾ ਹੋ ਸਕਦੀ ਹੈ, ਤਾਂ ਅਸੀਂ ਉਨ੍ਹਾਂ ਗਲਤੀਆਂ ਦੀ ਆਸ ਰੱਖ ਸਕਦੇ ਹਾਂ ਇਸ ਨਾਲ ਬੇਦੋਸ਼ੇ ਜਾਂ ਦੋਸ਼ੀ ਦੋਹਾਂ ਨੂੰ ਤਕਲੀਫ਼ ਹੋਵੇ।

ਚੌਥਾ, ਹੋ ਸਕਦਾ ਹੈ ਕਿ ਬੇਦੋਸ਼ੇ ਲੋਕ ਇਸ ਕਰਕੇ ਦੁੱਖ ਪਾਉਣ ਕਿਉਂਕਿ ਉਹ ਕੁਦਰਤ ਦੇ ਨਿਯਮਾਂ ਨਾਲ ਪੰਗਾ ਲੈਂਦੇ ਹਨ। ਅਸਲ ਵਿਚ ਅਸੀਂ ਕੁਦਰਤ ਦੇ ਨਿਯਮਾਂ ਨੂੰ ਤੋੜਦੇ ਨਹੀਂ ਹਾਂ, ਪਰ ਜਦ ਅਸੀਂ ਉਨ੍ਹਾਂ ਦੀ ਨਹੀਂ ਮੰਨਦੇ ਤਾਂ ਉਹ ਸਾਨੂੰ ਤੋੜ ਦਿੰਦੇ ਹਨ! ਗੁਰਤਾਕਰਸ਼ਣ ਦਾ ਨਿਯਮ ਤੋੜ ਕੇ ਵੇਖੋ, ਤੁਹਾਨੂੰ ਸਮਝ ਆ ਜਾਵੇਗੀ ਕਿ ਟੁੱਟਣਾ ਕੀ ਹੁੰਦਾ ਹੈ!

ਪਰ ਭੁਚਾਲ ਅਤੇ ਤੁਫ਼ਾਨ ਵਿਚ ਦੁੱਖ ਝੱਲਣ ਜਾਂ ਮਰਨ ਵਾਲੇ ਬੇਕਸੂਰ ਲੋਕਾਂ ਉੱਤੇ ਦੁੱਖ ਕਿਉਂ ਆਇਆ, ਜਦ ਕਿ ਸਾਫ਼ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਕੁਦਰਤ ਦਾ ਕੋਈ ਨੇਮ ਨਹੀਂ ਤੋੜਿਆ ਸੀ?

ਇਸ ਸੰਸਾਰ ਨੂੰ ਇਕ ਬਹੁਤ ਵੱਡੀ ਮਸ਼ੀਨ ਦੇ ਰੂਪ ਵਿਚ ਵੇਖੋ। ਇਸ ਦੀਆਂ ਗਰਾਰੀਆਂ ਅਤੇ ਦੰਦੇ ਲਗਾਤਾਰ ਕੰਮ ਕਰੀ ਜਾ ਰਹੇ ਹਨ। ਇਸ ਵਿਚ ਕੰਟਰੋਲ ਵਿਚ ਰੱਖੇ ਗਏ ਵਿਸਫੋਟਕ, ਤੇਜ਼ ਚੱਲਣ ਵਾਲੇ ਸਿਸਟਮ ਅਤੇ ਠੰਡਾ ਅਤੇ ਗਰਮ ਕਰਨ ਵਾਲੇ ਸਿਸਟਮ ਲੱਗੇ ਹੋਏ ਹਨ। ਇਸ ਵਿਚ ਜ਼ਬਰਦਸਤ ਸ਼ਕਤੀ ਕੰਮ ਕਰ ਰਹੀ ਹੈ, ਪਾਈ ਜਾਂਦੀ ਹੈ, ਵਰਤੀ ਜਾਂਦੀ ਹੈ ਅਤੇ ਖ਼ਰਚ ਹੁੰਦੀ ਹੈ। ਇਹ ਸਭ ਨਿਯਮ ਦੇ ਮੁਤਾਬਿਕ ਹੋ ਰਿਹਾ ਹੈ, ਜਿਸ ਵਿੱਚੋਂ ਕੁਝ ਦਾ ਤਾਂ ਸਾਨੂੰ ਪਤਾ ਹੈ ਅਤੇ ਕੁਝ ਦਾ ਨਹੀਂ। ਅਸੀਂ ਨਾ ਤਾਂ ਇਸ ਮਸ਼ੀਨ ਦੇ ਨੇੜੇ ਤੇੜੇ ਅਤੇ ਨਾ ਹੀ ਉਸ ਦੇ ਉੱਪਰ ਬਲਕਿ ਇਸ ਦੇ ਅੰਦਰੋਂ ਅੰਦਰ ਚੱਲ ਰਹੇ ਹਾਂ! ਅਸੀਂ ਇਸ ਦੇ ਕੁਝ ਨਿਯਮਾਂ ਅਤੇ ਸਿਧਾਂਤਾ ਨੂੰ ਜਾਣਦੇ ਹਾਂ ਅਤੇ ਗੇਅਰ ਬਦਲਣ ਜਾਂ ਪਿਸਟਨ ਦੇ ਚੱਲਣ ਤੇ ਪਿੱਛੇ ਹਟ ਜਾਂਦੇ ਹਾਂ, ਪਰ ਸਾਨੂੰ ਇਸ ਦੀ ਪੂਰੀ ਕਾਰਜ ਪ੍ਰਣਾਲੀ ਦੀ ਸਮਝ ਨਹੀਂ ਹੈ ਅਤੇ ਨਾ ਹੀ ਅਸੀਂ ਉਸ ਤੋਂ ਹੋਣ ਵਾਲੇ ਨੁਕਸਾਨ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਾਂ। ਅਖ਼ੀਰ ਵਿਚ ਅਸੀਂ ਗਤੀ ਚੱਕਰ ਦੇ ਵੱਡੇ ਧੁਰੇ ਵਿਚ ਜਾਂ ਗਲਤੀ ਨਾਲ ਪਈਏ ਦੇ ਦੰਦਿਆਂ ਵਿਚ ਫ਼ਸ ਜਾਈਏ ਜਾਂ ਆਪਣੇ ਆਪ ਨੂੰ ਉਨ੍ਹਾਂ ਦੀਆਂ ਸਪੋਟਾਂ ਦੇ ਵਿਚਕਾਰ ਰੱਖੀਏ ਤਾਂ ਕੀ ਹੋਵੇਗਾ, ਸਾਡੀ ਕੀ ਗਲਤੀ ਸੀ। ਕੋਈ ਨਹੀਂ , ਸਿਵਾਇ ਇਸ ਦੇ ਕਿ ਅਸੀਂ ਸੰਸਾਰ ਦੀ ਕਾਰਜ ਪ੍ਰਣਾਲੀ ਵਿਚ ਆ ਗਏ!

ਭੁਚਾਲ ਵਿਚ ਮਾਰੇ ਜਾਣ ਵਾਲੇ ਲੋਕਾਂ ਦੀ ਸਿਰਫ਼ ਇਹੀ ''ਗਲਤੀ'' ਹੁੰਦੀ ਹੈ। ਧਰਤੀ ਦੇ ਅੰਦਰ ਦੀ ਬਹੁਤ ਵੱਡੀ ਸ਼ਕਤੀ ਉਸ ਨੂੰ ਜ਼ੋਰ ਨਾਲ ਹਿਲਾਉਂਦੀ ਹੈ, ਅਤੇ ਉਹ ਸਿਰਫ਼ ਇਸ ਲਈ ਮਾਰੇ ਜਾਂਦੇ ਹਨ ਕਿਉਂਕਿ ਇਹ ਹੋਣ ਕਰਕੇ ਉਹ ਕੁਦਰਤ ਦੀਆਂ ਸ਼ਕਤੀਆਂ ਦੇ ਕੰਮ ਦੇ ਰਾਹ ਵਿਚ ਆ ਜਾਂਦੇ ਹਨ।

ਭਲਾ ਅਜਿਹੇ ਵਕਤ ਵਿਚ ਸਾਨੂੰ ਇਹ ਕਹਿਣ ਦਾ ਹੱਕ ਹੈ, ''ਦੁਨੀਆ ਨੂੰ ਰੋਕ ਲਓ। ਮੈਂ ਇਸ

ਵਿੱਚੋਂ ਨਿੱਕਲਣਾ ਚਾਹੁੰਦਾ ਹਾਂ''? ਭਲਾ ਅਸੀਂ ਤੂਫ਼ਾਨ ਨੂੰ ਇਹ ਆਖ ਸਕਦੇ ਹਾਂ ਕਿ ਸਾਡੇ ਬਚ ਨਿਕਲਣ ਤਕ ਥੰਮ੍ਹਿਆ ਰਹੇ? ਕੁਦਰਤ ਦੇ ਕਾਨੂੰਨ ਆਪਣਾ ਕੰਮ ਕਰਦੇ ਰਹਿੰਦੇ ਹਨ, ਭਾਵੇ ਅਸੀਂ ਉਨ੍ਹਾਂ ਦੇ ਰਾਹ ਵਿਚ ਹੋਈਏ ਜਾਂ ਨਾ। ਜਿਸ ਕਰਕੇ ਬੇਕਸੂਰ ਲੋਕਾਂ ਉੱਤੇ ਵੀ ਦੁੱਖ ਆ ਜਾਂਦਾ ਹੈ।

## ਖ਼ੁਦਾ ਦਖ਼ਲ ਕਿਉਂ ਨਹੀਂ ਦਿੰਦਾ ?

ਬਹੁਤ ਘੱਟ ਲੋਕ ਇਨ੍ਹਾਂ ਗੱਲਾਂ ਨਾਲ ਅਸਹਿਮਤ ਹੋਣਗੇ ਕਿ ਬੇਦੋਸ਼ੇ ਲੋਕ ਦੁੱਖ ਝੱਲਦੇ ਹਨ ਪਰ ਉਨ੍ਹਾਂ ਉੱਤੇ ਆਉਣ ਵਾਲੇ ਦੁੱਖ ਗਿਣਾਏ ਗਏ ਕਾਰਣਾਂ ਵਿੱਚੋਂ ਹੀ ਹੁੰਦੇ ਹਨ। ਪਰ ਸਵਾਲ ਉੱਠਦਾ ਹੈ ਕਿ ''ਜੇ ਖ਼ੁਦਾ ਹੈ, ਤਾਂ ਉਹ ਦੁੱਖ ਨੂੰ ਰੋਕ ਕਿਉਂ ਨਹੀਂ ਲੈਂਦਾ?'' ਉਹ ਬਦਕਾਰਾਂ ਨੂੰ ਬੇਦੋਸ਼ਿਆਂ ਨੂੰ ਸਤਾਉਣ ਤੋਂ ਕਿਉਂ ਨਹੀਂ ਰੋਕਦਾ? ਉਹ ਭਲੇ ਲੋਕਾਂ ਨੂੰ ਗਲਤੀ ਕਰਨ ਤੋਂ ਅਤੇ ਦੂਜਿਆਂ ਦੀਆਂ ਗਲਤੀਆਂ ਨਾਲ ਬੇਦੋਸ਼ੇ ਲੋਕਾਂ ਨੂੰ ਦੁਖੀ ਹੋਣ ਤੋਂ ਰੋਕਦਾ ਕਿਉਂ ਨਹੀਂ ਹੈ? ਉਹ ਦੁਨੀਆਂ ਨੂੰ ਇਸ ਤਰ੍ਹਾਂ ਕੰਟਰੋਲ ਕਿਉਂ ਨਹੀਂ ਕਰਦਾ ਕਿ ਬੇਦੋਸ਼ੇ ਲੋਕਾਂ ਨੂੰ ਕੁਦਰਤ ਦੀਆਂ ਸ਼ਕਤੀਆਂ ਨਾਲ ਕੋਈ ਨੁਕਸਾਨ ਨਾ ਹੋਵੇ? ਇਨ੍ਹਾਂ ਦੋ ਸੰਭਾਵਤ ਜਵਾਬਾਂ ਤੇ ਵਿਚਾਰ ਕਰੋ।

ਖ਼ੁਦਾ ਇਸ ਕਰਕੇ ਦਖ਼ਲ ਨਹੀਂ ਦਿੰਦਾ ਕਿਉਂਕਿ ਉਹਦੇ ਲਈ ਜ਼ਰੂਰੀ ਹੈ ਕਿ ਮਨੁੱਖ ਦੇ ਸੁਭਾਅ ਦਾ ਆਦਰ ਕਰੇ। ਮਨੁੱਖ ਨੂੰ ਕੁਝ ਵੀ ਕਰਨ ਦੀ ਪੂਰੀ ਅਜ਼ਾਦੀ ਦਿੱਤੀ ਗਈ ਹੈ। ਉਹ ਜੋ ਕਰ ਸਕਦਾ ਹੈ ਉਸ ਨੂੰ ਆਪਣੀ ਮਰਜ਼ੀ ਮੁਤਾਬਿਕ ਕਰਦਾ ਹੈ ਭਾਵ ਉਸ ਦੀ ਪਸੰਦ ਕੋਈ ਦੂਜਾ ਤੈਅ ਨਹੀਂ ਕਰਦਾ। ਮਨੁੱਖ ਗਲਤ ਪਸੰਦ ਚੁਣਨ, ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਪੂਰੀ ਤਰ੍ਹਾਂ ਅਜ਼ਾਦ ਹੈ। ਜੇ ਖ਼ੁਦਾ ਮਨੁੱਖ ਨੂੰ ਪੂਰਣ ਮਨੁੱਖ ਹੋਣ ਦੀ ਇਜਾਜ਼ਤ ਦੇਣਾ ਚਾਹੁੰਦਾ ਹੈ, ਤਾਂ ਉਹਦੇ ਲਈ ਮਨੁੱਖ ਨੂੰ ਉਹ ਅਜ਼ਾਦੀ ਦੇਣੀ ਜ਼ਰੂਰੀ ਹੈ।

ਖ਼ੁਦਾ ਮਨੁੱਖ ਨੂੰ ਅਜਿਹੀ ਅਜ਼ਾਦੀ ਉਹਦੀ ਭਲਿਆਈ ਲਈ ਦਿੰਦਾ ਹੈ। ਕੀ ਤੁਸੀਂ ਰੋਬੋਟ ਜਾਂ ਕਠਪੁਤਲੀ ਬਣਨਾ ਪਸੰਦ ਕਰੋਗੇ? ਇਹ ਅਜ਼ਾਦੀ ਉਨ੍ਹਾਂ ਲੋਕਾਂ ਦੀ ਭਲਿਆਈ ਲਈ ਦਿੱਤੀ ਹੈ। ਸਾਡੀ ਅਜ਼ਾਦੀ ਦਾ ਮਤਲਬ ਇਹ ਹੈ ਕਿ ਅਸੀਂ ਕੁਰਬਾਨੀ ਕਰਨ, ਪਿਆਰ ਕਰਨ ਅਤੇ ਦੂਜਿਆਂ ਦੀ ਸੇਵਾ ਕਰਨ ਲਈ ਅਜ਼ਾਦ ਹਾਂ। ਇਹ ਅਜ਼ਾਦੀ ਸਾਨੂੰ ਪਰਮੇਸ਼ੁਰ ਦੀ ਵਡਿਆਈ ਲਈ ਵੀ ਦਿੱਤੀ ਗਈ ਹੈ। ਉਸ ਨੇ ਮਨੁੱਖ ਨੂੰ ਆਪਣੀ ਵਡਿਆਈ ਲਈ ਬਣਾਇਆ, ਪਰ ਕੋਈ ਹੋਰ ਬਦਲ ਨਾ ਹੋਣ ਤੇ ਮਨੁੱਖ ਲਈ ਆਪਣੇ ਰਚਨਹਾਰੇ ਦੀ ਸੇਵਾ ਕਰਨ ਦੀ ਵਡਿਆਈ ਨਹੀਂ ਹੋਵੇਗੀ।

ਖ਼ੁਦਾ ਇਸ ਲਈ ਦਖ਼ਲ ਨਹੀਂ ਦਿੰਦਾ ਕਿਉਂਕਿ ਉਹਦੇ ਲਈ ਜ਼ਰੂਰੀ ਹੈ ਕਿ ਕੁਦਰਤ ਦਾ ਮਾਣ ਕਰੇ। ਖ਼ੁਦਾ ਧਰਮੀਆਂ ਅਤੇ ਕੁਧਰਮੀਆਂ ਦੋਹਾਂ ਉੱਤੇ ਬਾਰਿਸ਼ ਘੱਲਦਾ ਹੈ (ਮੱਤੀ 5:45) ਜਿਸ ਨਾਲ ਧਰਮੀ ਦੇ ਨਾਲ–ਨਾਲ ਕੁਧਰਮੀ ਨੂੰ ਵੀ ਫ਼ਾਇਦਾ ਮਿਲ ਜਾਂਦਾ ਹੈ, ਅਤੇ ਦੁਸ਼ਟ ਜਾਂ ਕੁਧਰਮੀ ਦੇ ਨਾਲ ਨਾਲ ਕੁਦਰਤ ਦੀਆਂ ਸ਼ਕਤੀਆਂ ਤੋਂ ਕੁਧਰਮੀ ਨੂੰ ਦੁੱਖ ਝਲਣਾ ਪੈਂਦਾ ਹੈ।

ਖ਼ੁਦਾ ਕੁਦਰਤ ਨੂੰ ਬਰਕਤ ਅਤੇ ਸਰਾਪ ਕਿਉਂ ਦੇਣ ਦਿੰਦਾ ਹੈ? ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਅਜਿਹੀ ਦੁਨੀਆਂ ਵਿਚ ਰਹਿੰਦੇ ਹਾਂ ਜਿਹੜੀ ਕਾਇਦੇ ਨਾਲ ਚੱਲਦੀ ਹੈ। ਜੇ ਖ਼ੁਦਾ ਜਾਣ ਬੁੱਝ ਕੇ ਸੰਸਾਰ ਦੇ ਨਿਯਮਾਂ ਨੂੰ ਇਕ ਪਾਸੇ ਰੱਖ ਦਵੇ ਭਾਵ ਸਿਰਫ਼ ਧਰਮੀਆਂ ਦਾ ਹੀ ਪੱਖ ਲਵੇ ਤਾਂ ਘੜਮੱਸ ਪੈ ਜਾਵੇਗੀ। ਸਾਡੀ ਦੁਨੀਆਂ ਅਜਿਹੀ ਹੋ ਜਾਵੇਗੀ ਜਿਸ ਵਿਚ ਕੋਈ ਕਾਇਦਾ ਕਾਨੂੰਨ ਨਾ ਹੋਵੇ ਬਲਕਿ ਸਭ ਕੁਝ ਆਪੋ ਆਪਣੀ ਮਰਜ਼ੀ ਨਾਲ ਚੱਲੇ। ਭਲਾ ਤੁਹਾਨੂੰ ਇਹ ਸਭ ਚੰਗਾ ਲੱਗੇਗਾ?

ਦੂਜਾ, ਖ਼ੁਦਾ ਕੁਦਰਤ ਨੂੰ ਬਰਕਤ ਜਾਂ ਸਰਾਪ ਇਸ ਲਈ ਦੇਣ ਦਿੰਦਾ ਹੈ ਕਿਉਂਕਿ ਕੁਝ ਲੋਕਾਂ ਨੂੰ ਤਕਲੀਫ਼ ਤੋਂ ਛੁਡਾਉਣ ਦਾ ਮਤਲਬ ਬਹੁਤ ਸਾਰੇ ਲੋਕਾਂ ਉੱਤੇ ਤਕਲੀਫ਼ ਪਾਉਣਾ ਵੀ ਹੋ ਸਕਦਾ ਹੈ। ਲੋਕਾਂ ਨੂੰ ਰੋੜ੍ਹ ਕੇ ਲੈ ਜਾਣ ਵਾਲਾ ਹੜ ਦਾ ਪਾਣੀ ਜਦ ਖੇਤਾਂ ਵਿਚ ਪੁੱਜਦਾ ਹੈ ਤਾਂ ਉਸ ਨਾਲ ਪੈਦਾ ਹੋਏ ਅਨਾਜ ਨਾਲ ਹਜ਼ਾਰਾਂ ਲੋਕਾਂ ਦਾ ਢਿੱਡ ਭਰਦਾ ਹੈ। ਜੇ ਖ਼ੁਦਾ ਕੁਝ ਲੋਕਾਂ ਨੂੰ ਬਚਾ ਲੈਂਦਾ, ਤਾਂ

ਹਜ਼ਾਰਾਂ ਲੋਕ ਅਕਾਲ ਨਾਲ ਭੁੱਖੇ ਮਰ ਸਕਦੇ ਸਨ।

ਤੀਜਾ, ਖ਼ੁਦਾ ਕੁਦਰਤ ਨੂੰ ਬਰਕਤ ਅਤੇ ਸਰਾਪ ਇਸ ਲਈ ਵੀ ਦੇਣ ਦਿੰਦਾ ਹੈ ਕਿਉਂਕਿ ਭੌਤਿਕ ਰੂਪ ਵਿਚ ਧਰਮੀਆਂ ਦਾ ਪੱਖ ਲੈਣ ਕਰਕੇ ਬਹੁਤੇ ਲੋਕ ਗਲਤ ਕਾਰਣ ਨਾਲ ਉਸ ਦੀ ਸੇਵਾ ਕਰਨ ਲੱਗ ਪੈਣਗੇ। ਜੇ ਦੁੱਖ ਸਿਰਫ਼ ਦੁਸ਼ਟਾਂ ਉੱਤੇ ਹੀ ਆਉਣ ਅਤੇ ਧਰਮੀ ਵੱਧਦੇ ਫੁੱਲਦੇ ਰਹਿਣ ਤਾਂ ਖ਼ੁਦਾ ਨੂੰ ਕੌਣ ਮੰਨੇਗਾ? ਸ਼ਾਇਦ ਹਰ ਕੋਈ! ਪਰ ਕਿਉਂ? ਸਿਰਫ਼ ਕੁਝ ''ਰੋਟੀਆਂ ਅਤੇ ਮੱਛੀਆਂ'' ਦੀ ਖ਼ਾਤਿਰ। ਖ਼ੁਦਾ ਚਾਹੁੰਦਾ ਹੈ ਕਿ ਲੋਕ ਉਸ ਦੀ ਸੇਵਾ ਅਤੇ ਵਡਿਆਈ ਸਹੀ ਮਕਸਦਾਂ ਨਾਲ ਕਰਨ।

ਖ਼ੁਦਾ ਲਈ ਉਸ ਸੰਸਾਰ ਦੀ ਕੁਦਰਤ ਦਾ ਜਿਸ ਨੂੰ ਉਸ ਨੇ ਬਣਾਇਆ ਹੈ ਭਾਵ ਉਹਦੇ ਠਹਿਰਾਏ ਨਿਯਮਾਂ ਨਾਲ ਬੇਦੋਸ਼ਿਆਂ ਦੀ ਰੱਖਿਆ ਲਈ ਇਸ ਨੂੰ ਭੰਗ ਨਹੀਂ ਕਰੇਗਾ।

ਖ਼ੁਦਾ ਨੇ ਅਜਿਹੀ ਦੁਨੀਆਂ ਕਿਉਂ ਬਣਾਈ? ਭਲਾ ਉਹ ਅਜਿਹੀ ਦੁਨੀਆਂ ਨਹੀਂ ਬਣਾ ਸਕਦਾ ਸੀ ਜਿਸ ਵਿਚ ਕੋਈ ਕੁਦਰਤੀ ਆਫ਼ਤ ਕਦੇ ਆਵੇ ਹੀ ਨਾ? ਇਸ ਸਵਾਲ ਦੇ ਕਈ ਜਵਾਬ ਹਨ, ਪਰ ਉਨ੍ਹਾਂ ਵਿੱਚੋਂ ਇਕ ਜਵਾਬ ਇਹ ਹੈ, ਜੇ ਤੁਹਾਨੂੰ ਐਨਾ ਗਿਆਨ ਹੈ ਕਿ ਤੁਸੀਂ ਸੰਸਾਰ ਦੀ ਰਚਨਾ ਕਰ ਸਕਦੇ ਹੋ ਤਾਂ ਆਪੇ ਕਿਉਂ ਨਹੀਂ ਬਣਾ ਲੈਂਦੇ? ਜੇ ਅਸੀਂ ਉਹ ਨਹੀਂ ਕਰ ਸਕਦੇ ਜੋ ਖ਼ੁਦਾ ਕਰ ਸਕਦਾ ਹੈ, ਅਤੇ ਉਹ ਨਹੀਂ ਜਾਣਦੇ ਜੋ ਖ਼ੁਦਾ ਜਾਣਦਾ ਹੈ, ਤਾਂ ਸਾਨੂੰ ਖ਼ੁਦਾ ਦੇ ਕੀਤੇ ਕੰਮਾਂ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ।

''ਖ਼ੁਦਾ ਦਖ਼ਲ ਕਿਉਂ ਨਹੀਂ ਦਿੰਦਾ?'' ਦਾ ਇਕ ਹੋਰ ਜਵਾਬ ਇਹ ਹੈ ਕਿ ਖ਼ੁਦਾ ਨੇ ਦਖ਼ਲ ਦਿੱਤਾ ਹੈ ਅਤੇ ਖ਼ੁਦਾ ਦਖ਼ਲ ਦਿੰਦਾ ਹੈ!

ਖ਼ੁਦਾ ਨੇ ਮਨੁੱਖਾਂ ਨੂੰ ਇਕ ਦੂਜੇ ਨਾਲ ਪਿਆਰ ਕਰਨਾ ਸਿਖਾਉਣ ਲਈ ਆਪਣੇ ਪੁੱਤਰ ਨੂੰ ਭੇਜ ਕੇ ਦਖ਼ਲ ਦਿੱਤਾ ਹੈ। ਉਹ ਉਨ੍ਹਾਂ ਲੋਕਾਂ ਦੇ ਰਾਹੀਂ ਜੋ ਮਸੀਹ ਦੀ ਸਿੱਖਿਆ ਨੂੰ ਮੰਨਦੇ ਹਨ, ਕੰਮ ਕਰਕੇ ਮਨੁੱਖ ਜਾਤੀ ਦੇ ਜ਼ਖ਼ਮਾਂ ਨੂੰ ਹਰਿਆਂ ਕਰਨ ਵਿਚ ਮਦਦ ਕਰਦਾ ਹੈ। ਖ਼ੁਦਾ ਆਪਣੇ ਬੱਚਿਆਂ ਦੀਆਂ ਦੁਆਵਾਂ ਕਰਕੇ ਦਖ਼ਲ ਦਿੰਦਾ ਹੈ। ਤੁਹਾਨੂੰ ਹਿਜ਼ਕੀਯਾਹ ਦੀ ਕਹਾਣੀ ਯਾਦ ਹੀ ਹੋਵੇਗੀ, ਕਿ ਇਹ ਪਤਾ ਲੱਗਣ ਤੇ ਕਿ ਉਸ ਦੀ ਮੌਤ ਹੋਣ ਵਾਲੀ ਹੈ, ਉਸ ਨੇ ਖ਼ੁਦਾ ਅੱਗੇ ਦੁਹਾਈ ਦਿੱਤੀ ਅਤੇ ਖ਼ੁਦਾ ਨੇ ਉਸ ਨੂੰ ਜੀਣ ਲਈ ਪੰਦਰਾਂ ਸਾਲ ਹੋਰ ਦੇ ਦਿੱਤੇ (2 ਰਾਜਿਆਂ 20: 1–6)। ਅੱਜ ਜਦ ਅਸੀਂ ਦੁਆ ਕਰਦੇ ਹਾਂ ਤਾਂ ਖ਼ੁਦਾ ਮੋਅਜਜ਼ੇ ਰਾਹੀਂ ਜਵਾਬ ਨਹੀਂ ਦਿੰਦਾ, ਜਿਵੇਂ ਨਵੇਂ ਨੇਮ ਦੇ ਵਕਤ ਦਿੰਦਾ ਸੀ। ਪਰ ਉਹ ਉਨ੍ਹਾਂ ਲੋਕਾਂ ਦੀ ਮਦਦ ਜ਼ਰੂਰ ਕਰਦਾ ਹੈ ਜਿਹੜੇ ਉਸਦੇ ਅੱਗੇ ਮਿੰਨਤ ਕਰਦੇ ਹਨ। ਉਸ ਨੇ ਸਾਡੀਆਂ ਦੁਆਵਾਂ ਦਾ ਜਵਾਬ ਕਿੰਨੀ ਵਾਰ ਦਿੱਤਾ ਹੈ ਇਸ ਦਾ ਪਤਾ ਅਨਾਦੀਕਾਲ ਵਿਚ ਪੁੱਜ ਕੇ ਹੀ ਲੱਗੇਗਾ। ਖ਼ੁਦਾ ਨੇ ਸੰਸਾਰ ਨੂੰ ਆਪਣੇ ਆਪ ਹੀ ਚੱਲਣ ਵਾਸਤੇ ਛੱਡ ਨਹੀਂ ਦਿੱਤਾ ਹੈ। ਇਸ ਨੂੰ ਅਜੇ ਵੀ ਮਸੀਹ ਦੇ ਅਧੀਨ ਕੀਤਾ ਗਿਆ ਹੈ। ਖ਼ੁਦਾ ਅੱਜ ਵੀ ਦੁਆਵਾਂ ਦਾ ਜਵਾਬ ਦਿੰਦਾ ਹੈ!

ਖ਼ੁਦਾ ਹਰ ਦੁਆ ਦਾ ਜਵਾਬ ਕਿਉਂ ਨਹੀਂ ਦਿੰਦਾ? ਕਿਉਂਕਿ ਇਹ ਉਹਦੀ ਮਰਜ਼ੀ ਦੇ ਮੁਤਾਬਿਕ ਨਹੀਂ ਹੈ। ਕਈ ਵਾਰ ਉਹਦੇ ਮਕਸਦਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੁੰਦਾ ਹੈ ਕਿ ਕਿਸੇ ਅਜ਼ੀਜ਼ ਨੂੰ ਚੰਗਿਆਈ ਨਾ ਮਿਲੇ। ਇਸ ਕਰਕੇ ਇਹ ਮੰਨਦਿਆਂ ਕਿ ਖ਼ੁਦਾ ਉਹੀ ਕਰੇਗਾ ਜੋ ਉਹਦੇ ਮਕਸਦ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ, ਅਸੀਂ ਯਿਸੂ ਵਾਂਗ ਦੁਆ ਕਰਦੇ ਹਾਂ ਕਿ ''ਮੇਰੀ ਨਹੀਂ, ਤੇਰੀ ਮਰਜ਼ੀ ਪੂਰੀ ਹੋਵੇ।''

ਪਰ ਸਾਡੇ ਮੂੰਹ ਤੇ ਤੀਜਾ ਸਵਾਲ ਆਉਂਦਾ ਹੈ: ਸਾਡੇ ਦੁਆਲੇ ਆਲੇ ਦੁਆਲੇ ਐਨੇ ਬੇਕਾਰ ਦੁੱਖ ਹਨ ਅਤੇ ਕਈ ਵਾਰ ਲਗਦਾ ਹੈ ਕਿ ਖ਼ੁਦਾ ਨੂੰ ਕੋਈ ਪਰਵਾਹ ਨਹੀਂ ਹੈ, ਜਿਸ ਕਰਕੇ ਅਸੀਂ ਪੁੱਛਦੇ ਹਾਂ ...

## ਅਸੀਂ ਖ਼ੁਦਾ ਵਿਚ ਯਕੀਨ ਕਿਉਂ ਕਰੀਏ ?

ਸਾਨੂੰ ਖ਼ੁਦਾ ਵਿਚ ਯਕੀਨ ਕਰਨਾ ਹੀ ਚਾਹੀਦਾ ਹੈ ਕਿਉਂਕਿ ਇਸ ਨਾਲੋਂ ਵਧੀਆ ਬਦਲ ਕੋਈ

ਹੋਰ ਹੈ ਹੀ ਨਹੀਂ!

ਦੁਨੀਆ ਵਿਚ ਪਾਏ ਜਾਣ ਵਾਲੇ ਹਰ ਦੁੱਖ ਦੀ ਕੋਈ ਸੰਤੋਸ਼ਜਨਕ ਵਿਆਖਿਆ ਖ਼ੁਦਾ ਦੇ ਬਗੈਰ ਨਹੀਂ ਹੈ। ਨਾਸਤਿਕ ਬੰਦੇ ਨੂੰ ਇਹ ਮੰਨਣਾ ਹੀ ਪਵੇਗਾ ਕਿ ਦੁੱਖ ਕੁਦਰਤ ਦੀਆਂ ਅੰਨ੍ਹੀਆਂ ਸ਼ਕਤੀਆਂ ਅਤੇ ਜੰਗਲ ਰਾਜ ਭਾਵ ਉਸ ਦੇ ਵਜੂਦ ਕਰਕੇ ਹੈ ਜਿਸ ਵਿਚ ਬੇਕਾਰ ਦੀ ਉਮੀਦ ਰੱਖੀ ਜਾਂਦੀ ਹੈ। ਪਰ ਇਹ ਵਿਆਖਿਆ ਸੰਤੋਸ਼ਜਨਕ ਨਹੀਂ ਹੈ! ਖ਼ੁਦਾ ਦੇ ਵਿਚਾਰ ਨੂੰ ਨਕਾਰਨ ਵਾਲੇ ਲੋਕ ਵੀ ਜਵਾਬਾਂ ਅਤੇ ਮਤਲਬਾਂ ਦੀ ਤਲਾਸ਼ ਵਿਚ ਹਨ।

ਇਸ ਤੋਂ ਇਲਾਵਾ, ਖ਼ੁਦਾ ਰਹਿਤ ਸੰਸਾਰ ਵਿਚ ਹੋਣ ਵਾਲੀਆਂ ਸਭ ਬਰਕਤਾਂ ਦਾ ਕੋਈ ਕਾਰਣ ਨਹੀਂ ਹੈ। ਸਿਡਨੀ ਹੈਰਿਸ ਨੇ ਇਕ ਅਖ਼ਬਾਰ ਦੇ ਲੇਖ ਵਿਚ ਇਵੇਂ ਲਿਖਿਆ ਹੈ:

> ਇਕ ਬਾਮਕਸਦ ਖ਼ੁਦਾ ਦਾ ਇਤਰਾਜ਼ ਕਰਨ ਵਾਲਿਆਂ ਦਾ ਪਸੰਦੀਦਾ ਧਰਮ ਦੁਨੀਆਂ ਵਿਚ ਬੁਰਿਆਈ ਹੋਣ ਵੱਲ ਧਿਆਨ ਦੁਆਉਣਾ ਹੈ। ਉਹ ਆਖਦੇ ਹਨ, ''ਇਕ ਪਰੋਪਕਾਰੀ ਪਰਮੇਸ਼ੁਰ ਐਨੀ ਬੁਰਿਆਈ ਦੇ ਵਜੂਦ ਅਤੇ ਉਸ ਦੇ ਵਧਣ ਦੀ ਇਜਾਜ਼ਤ ਕਿਵੇਂ ਦੇ ਸਕਦਾ ਹੈ?''
>
> ਇਸ ਸਵਾਲ ਦਾ ਜਵਾਬ ਮੈਂ ਹਮੇਸ਼ਾ ਇਸ ਦੇ ਅੰਦਰ ਅਤੇ ਬਾਹਰ ਅਤੇ ਇਨ੍ਹਾਂ ਲੋਕਾਂ ਨੂੰ ''ਭਲਿਆਈ ਦੀ ਦਿੱਕਤ'' ਦਾ ਸਵਾਲ ਪਾ ਕੇ ਦਿੰਦਾ ਹਾਂ। ਉਹ ਦੁਨੀਆਂ ਵਿਚ ਪਾਈ ਜਾਣ ਵਾਲੀ ਨੇਕੀ ਦਾ ਕਾਰਣ ਕਿਸ ਨੂੰ ਮੰਨਦੇ ਹਨ? ਮਨੁੱਖ ... ਪਿਆਰ, ਤਿਆਗ ਅਤੇ ਕੁਰਬਾਨੀ ਦੀਆਂ ਬੁਲੰਦੀਆਂ ਤੇ ਕਿਵੇਂ ਪਹੁੰਚ ਸਕਿਆ ਹੈ? ਉਹ ਦੋਸਤੀ ਦੀ ਖ਼ਾਤਰ ਜਾਨ ਕਿਉਂ ਵਾਰ ਦਿੰਦਾ ਹੈ। ਮਨੁੱਖ ਜਾਤੀ ਦਾ ਇਤਿਹਾਸ ਅਜਿਹੇ ਸੂਰਮਿਆਂ ਅਤੇ ਸ਼ਹੀਦਾਂ ਨਾਲ ਕਿਉਂ ਭਰਿਆ ਪਿਆ ਹੈ ਜਿਨ੍ਹਾਂ ਨੇ ਆਪਣੇ ਨਾਲੋਂ ਵੱਡੇ ਕਿਸੇ ਵਿਚਾਰ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ?
>
> ਅਸੀਂ ਮਨੁੱਖ ਜਾਤੀ ਦੀਆਂ ਖੂਬੀਆਂ ਨੂੰ ਮੰਨ ਲੈਂਦੇ ਹਾਂ ਪਰ ਉਨ੍ਹਾਂ ਬਦੀਆਂ ਦੀ ਨਿੰਦਿਆ ਕਰਦੇ ਹਾਂ। ਪਰ ਮਨੁੱਖ ਵਿਚ ਬਿੱਛੂ ਜਾਂ ਮਕੜੀ ਨਾਲੋਂ ਵਧ ਕੇ ਐਨੇ ਚੰਗੇ ਗੁਣ ਕਿੱਥੋਂ ਆਏ? ਮਨੁੱਖ ਦੀ ਕਮੀ ਲਈ ਨਿੰਦਿਆ ਕਰਨ ਦੀ ਥਾਂ ਸਾਨੂੰ ਖ਼ੁਦਾ ਦੀ ਨੇਕੀ ਦੇ ਕਾਰਣ ਆਨੰਦ ਕਰਨਾ ਚਾਹੀਦਾ ਹੈ।

ਭਲਾ ਇਹ ਸੱਚ ਨਹੀਂ ਹੈ? ਭਲਾ ਦੁਨੀਆਂ ਵਿਚ ਐਨੀ ਭਲਿਆਈ ਨਹੀਂ ਹੈ ਕਿ ਸਾਨੂੰ ਉਸ ਉੱਤੇ ਅਚਰਜ ਹੋਣਾ ਚਾਹੀਦਾ ਹੈ? ਅਸਲ ਵਿਚ ਅਸੀਂ ਦੁੱਖ ਨੂੰ ਸਿਰਫ਼ ਇਸ ਕਰਕੇ ਦੱਸ ਸਕਦੇ ਹਾਂ ਕਿਉਂਕਿ ਸਾਨੂੰ ਐਨੀਆਂ ਬਰਕਤਾਂ ਦਾ ਪਤਾ ਹੈ! ਜੇ ਤੁਸੀਂ ਕਦੇ ਚਾਨਣ ਨਾ ਵੇਖਿਆ ਹੋਵੇ, ਤਾਂ ਤੁਸੀਂ ਇਹ ਨਹੀਂ ਦੱਸ ਸਕਦੇ ਕਿ ਹਨੇਰਾ ਕਿਹੋ ਜਿਹਾ ਹੁੰਦਾ ਹੈ। ਜੇ ਤੁਸੀਂ ਸਿਰਫ਼ ਤਕਲੀਫ਼ ਬਾਰੇ ਨਾ ਜਾਣਦੇ ਹੋਵੋ ਤਾਂ ਤੁਹਾਡੇ ਲਈ ਇਹ ਦੱਸਣਾ ਮੁਸ਼ਕਿਲ ਹੋਵੇਗਾ ਕਿ ਤਕਲੀਫ਼ ਕਿੱਦਾਂ ਦੀ ਹੋਵੇਗੀ। ਜੇ ਤੁਸੀਂ ਤੰਦਰੁਸਤ ਹੀ ਨਾ ਰਹੇ ਹੋਵੋ ਤਾਂ ਤੁਹਾਨੂੰ ਇਹ ਪਤਾ ਕਿਵੇਂ ਲੱਗੇਗਾ ਕਿ ਬੀਮਾਰੀ ਕੀ ਹੁੰਦੀ ਹਨ। ਅਸਲ ਵਿਚ ਇਨ੍ਹਾਂ ਬਰਕਤਾਂ ਦੇ ਹੋਣ ਕਰਕੇ ਹੀ ਅਸੀਂ ਦੁੱਖ ਦੇ ਹੋਣ ਦੀ ਸ਼ਿਕਾਇਤ ਕਰਦੇ ਹਾਂ।

ਸਵਾਲ ਇਹ ਹੈ ਕਿ ਇਹ ਸਭ ਬਰਕਤਾਂ ਆਈਆਂ ਕਿੱਥੋਂ? ਬੇਅਰਥ ਦੁਨੀਆਂ ਤੋਂ ਸੰਜੋਗ ਨਾਲ? ਲਗਦਾ ਨਹੀਂ! ਜ਼ਰੂਰ ਹੀ ਉਹ ਖ਼ੁਦਾ ਵੱਲੋਂ ਆਈਆਂ ਹੋਣਗੀਆਂ! ਮੇਰਾ ਦਾਅਵਾ ਹੈ ਕਿ ਮਸੀਹੀ ਲੋਕਾਂ ਨਾਲੋਂ ਨਾਸਤਿਕ ਬੰਦੇ ਲਈ ਇਹ ਮੁਸ਼ਕਿਲ ਬਹੁਤੀ ਵੱਡੀ ਹੈ। ਉਹ ਸਾਥੋਂ ਪੁੱਛਦਾ ਹੈ, ''ਜੇ ਖ਼ੁਦਾ ਹੈ, ਤਾਂ ਦੁਨੀਆਂ ਵਿਚ ਐਨਾ ਦੁੱਖ ਕਿਉਂ ਹੈ?'' ਅਸੀਂ ਉਸ ਤੋਂ ਪੁੱਛਦੇ ਹਾਂ, ''ਜੇ ਖ਼ੁਦਾ ਨਹੀਂ ਹੈ ਤਾਂ ਐਨੀਆਂ ਬਰਕਤਾਂ ਕਿਉਂ ਹਨ? ਅਸਲ ਵਿਚ, ਦੁਨੀਆਂ ਵਿਚ ਕੋਈ ਵੀ ਭਲਿਆਈ ਜੇ ਹੈ ਤਾਂ ਉਹ ਕਿਉਂ ਹੈ?''

ਬੇਸ਼ੱਕ ਮਸੀਹੀ ਆਦਮੀ ਦਾ ਇਸ ਸਵਾਲ ਦਾ ਜਿਸ ਤੇ ਅਸੀਂ ਵਿਚਾਰ ਕਰ ਰਹੇ ਹਾਂ ਆਖ਼ਰੀ ਜਵਾਬ ਇਹੀ ਹੋਵੇਗਾ: ਸਾਨੂੰ ਇਸ ਵਕਤ ਤਾਂ ਪਤਾ ਨਹੀਂ ਹੋ ਸਕਦਾ, ਪਰ ਅਖ਼ੀਰ ਵਿਚ ਪਤਾ ਲਗ

ਜਾਵੇਗਾ। ਇਕ ਦਿਨ ਸਾਨੂੰ ਇਹ ਸਮਝ ਆ ਜਾਵੇਗੀ। ਸਾਡਾ ਮੰਨਣਾ ਹੈ ਕਿ ਉਹ ਸਾਡੇ ਮਕਸਦ ਦੀ ਭਲਿਆਈ ਲਈ ਸਭ ਚੀਜ਼ਾਂ ਨੂੰ ਮਿਲਾਉਂਦਾ ਹੈ (ਰੋਮੀਆਂ 8:28)। ਨਿਹਚਾ ਨਾਲ ਹੀ ਅਸੀਂ ਜ਼ਿੰਦਗੀ ਦੀ ਭਲਿਆਈ ਅਤੇ ਬੁਰਿਆਈ ਨੂੰ ਬ੍ਰਦਾਸ਼ਤ ਕਰੀ ਜਾਂਦੇ ਹਾਂ।

## ਸਾਰ

ਜ਼ਿੰਦਗੀ ਦੀਆਂ ਅਜ਼ਮਾਇਸ਼ਾਂ, ਨਿਰਾਸ਼ਾਵਾਂ ਅਤੇ ਦੁੱਖ ਨੇ ਮਸੀਹੀ ਆਦਮੀ ਨੂੰ ਮਜ਼ਬੂਤ ਬਣਾ ਦਿੱਤਾ ਹੈ। ਤੁਹਾਡੇ ਵਿਸ਼ਵਾਸ ਦੀ ਕਮੀ ਨਾਲ ਤੁਹਾਡਾ ਕਿੰਨਾ ਭਲਾ ਹੋਇਆ ਹੈ? ਕੀ ਤੁਹਾਡੇ ਸ਼ੱਕ ਨਾਲ ਤੁਹਾਨੂੰ ਜ਼ਿੰਦਗੀ ਮਿਲਦੀ ਹੈ? ਕੀ ਬੇਪਰਤੀਤੀ ਨਾਲ ਜ਼ਿੰਦਗੀ ਦੀਆਂ ਮੁਸ਼ਕਿਲਾਂ ਵਿਚ ਹੋਰ ਵੀ ਭਰਪੂਰੀ ਨਾਲ ਅਤੇ ਫ਼ਤਹਿਮੰਦ ਜ਼ਿੰਦਗੀ ਜੀਣ ਵਿਚ ਤੁਹਾਨੂੰ ਕੋਈ ਮਦਦ ਮਿਲਦੀ ਹੈ? ਕੀ ਅਜੇ ਉਹ ਸਮਾਂ ਨਹੀਂ ਆਇਆ ਕਿ ਤੁਸੀਂ ਆਪਣੇ ਆਪ ਨੂੰ ਖ਼ੁਦਾ ਦੇ ਅੱਗੇ ਝੁਕਾ ਸਕੋ। ਆਪਣੇ ਆਪ ਨੂੰ ਵਿਸ਼ਵਾਸ ਅਤੇ ਆਗਿਆਕਾਰਿਤਾ ਵਿਚ ਉਹਦੇ ਸਪੁਰਦ ਕਰ ਦਿਓ ਅਤੇ ਉਹ ਤੁਹਾਨੂੰ ਸੰਭਾਲ ਲਵੇਗਾ। ਫਿਰ ਤੁਹਾਨੂੰ ਇਹ ਦਲੇਰੀ ਮਿਲਦੀ ਹੈ ਕਿ ਸਭ ਵਸਤਾਂ ਮਿਲ ਕੇ ਭਲਿਆਈ ਹੀ ਕਰਨਗੀਆਂ ... ਭਾਵ ਤੁਹਾਡੇ ਉੱਤੇ ਕੋਈ ਵੀ ਦੁੱਖ ਕਿਉਂ ਨਾ ਆ ਜਾਵੇ, ਪਰ ਅਬਦੀ ਜ਼ਿੰਦਗੀ ਵਿਚ ਤੁਹਾਨੂੰ ਖ਼ੁਦਾ ਦੇ ਨਾਲ ਇਕ ਘਰ ਮਿਲੇਗਾ ... ਅਤੇ ਇਕ ਦਿਨ ਇਹ ਸਭ ਸਪੱਸ਼ਟ ਹੋ ਜਾਵੇਗਾ।